# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
3. ਰਾਜ ਦੇ ਸਮੂਹ ਸਕੂਲ ਮੁੱਖੀ, ਪੰਜਾਬ (ਵੈਬ-ਸਾਈਟ ਰਾਹੀਂ)
4. ਰਾਜ ਦੇ ਸਮੂਹ ਬੀ.ਪੀ.ਓ.(ਵੈਬ-ਸਾਈਟ ਰਾਹੀਂ)
5. ਰਾਜ ਦੇ ਸਮੂਹ ਸੈਂਟਰ ਹੈੱਡ ਟੀਚਰ (ਵੈਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2010/28112-28154
ਮਿਤੀ,ਚੰਡੀਗੜ੍ਹ 04 ਮਾਰਚ, 2010

**ਵਿਸ਼ਾ:-** **ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਮੈਥ ਅਤੇ ਸਾਇੰਸ ਲੈਬਜ਼ ਦੇ ਸਮਾਨ ਬਾਰੇ।**

1.0 ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਸਭ ਭਲੀ ਭਾਂਤ ਜਾਣੂ ਹੋ ਕਿ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਤਹਿਤ ਸਾਰੇ ਸਾਲ 2009-2010 ਲਈ ਜਾਰੀ ਕੀਤੀ ਸਕੂਲ ਗ੍ਰਾਂਟ ਵਿੱਚ ਮੈਥ ਅਤੇ ਸਾਇੰਸ ਲੈਬਜ਼ ਦੇ ਸਮਾਨ ਲਈ ਪ੍ਰਾਇਮਰੀ ਸਕੂਲਾਂ ਵਾਸਤੇ ਪ੍ਰਤੀ ਲੈਬ 1,000/- ਰੁਪਏ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਲਈ ਪ੍ਰਤੀ ਲੈਬ 2,000/- ਰੁਪਏ ਦੀ ਰਾਸ਼ੀ ਸ਼ਾਮਿਲ ਹੈ। ਇਹ ਫਡੰਜ ਆਪ ਵੱਲੋਂ ਸਬੰਧਤ ਸਕੂਲਾਂ ਨੂੰ ਪਹਿਲਾਂ ਹੀ ਭੇਜੇ ਜਾ ਚੁੱਕੇ ਹਨ। ਸਕੂਲਾਂ ਤੋਂ ਪ੍ਰਾਪਤ ਹੋਈਆਂ ਰਿਪੋਰਟਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਬਹੁਤ ਸਾਰੇ ਸਕੂਲਾਂ ਵੱਲੋਂ ਸਾਇੰਸ ਅਤੇ ਮੈਥਸ ਲੈਬਜ਼ ਲਈ ਸਮਾਨ ਪਿਛਲੇ ਸਾਲ ਦੀ ਗ੍ਰਾਂਟ ਦੀ ਵਰਤੋਂ ਕਰਕੇ ਖਰੀਦਿਆ ਜਾ ਚੁੱਕਿਆ ਹੈ ਅਤੇ ਇਸ ਸਾਲ ਦੀ ਗ੍ਰਾਂਟ ਦੀ ਵਰਤੋਂ ਹਾਲੇ ਬਾਕੀ ਹੈ।

3.0 ਇਸ ਸਾਰੇ ਮਾਮਲੇ ਨੂੰ ਵਿਸ਼ਾ ਮਾਹਿਰ ਅਤੇ ਕੁੱਝ ਚੁਣੀਦੇ ਸਕੂਲ ਅਧਿਆਪਕਾਂ

ਨਾਲ ਵਿਚਾਰਿਆ ਗਿਆ ਹੈ। ਇਸ ਨੂੰ ਵਿਚਾਰਨ ਉਪਰੰਤ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਅਜਿਹੇ ਸਕੂਲਾਂ ਵਿੱਚ ਇਸ ਸਾਲ ਦੀ ਗ੍ਰਾਂਟ ਨੂੰ ਕੁੱਝ ਹੋਰ ਅਜਿਹਾ ਸਮਾਨ ਖਰੀਦਣ ਲਈ ਵਰਤਿਆ ਜਾ ਸਕਦਾ ਹੈ ਜੋ ਕਿ ਪਹਿਲਾਂ ਨਹੀਂ ਖਰੀਦਿਆ ਗਿਆ ਹੈ ਜਾਂ ਸਕੂਲ ਵਿੱਚ ਮੌਜੂਦ ਨਹੀਂ ਹੈ। ਇਹ ਵੀ ਹੋ ਸਕਦਾ ਹੈ ਕਿ ਕਿਸੇ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਵਧੇਰੇ ਹੈ ਅਤੇ ਇੱਕ ਤੋਂ ਵੱਧ ਸੈਕਸ਼ਨ ਹਨ ਉਨ੍ਹਾਂ ਸਕੂਲਾਂ ਦੇ ਵਿੱਚ ਉਚਿਤ ਸਮਾਨ ਦੁਬਾਰਾ ਵੀ ਖਰੀਦਿਆ ਜਾ ਸਕਦਾ ਹੈ ਪਰੰਤੂ ਅਜਿਹਾ ਕਰਨ ਤੋਂ ਪਹਿਲਾਂ ਸਕੂਲ ਦੀ ਲੋੜ ਨੂੰ ਚੰਗੀ ਤਰ੍ਹਾਂ ਵਿਚਾਰ ਲਿਆ ਜਾਵੇ ਅਤੇ ਮੈਥ ਅਤੇ ਸਾਇੰਸ ਦੇ ਅਧਿਆਪਕਾਂ ਤੋਂ ਸਲਾਹ ਲੈਣ ਉਪਰੰਤ ਹੀ ਅਗਲੇਰੀ ਕਾਰਵਾਈ ਕੀਤੀ ਜਾਵੇ।ਦੋਵਾਂ ਵਿਸ਼ਿਆਂ ਬਾਬਤ ਜੋ ਵੀ ਸਮਾਨ ਖ੍ਰੀਦਿਆ ਜਾਵੇ ਉਸਦੀ ਬਕਾਇਦਾ ਵਿਸ਼ਾ ਵਾਈਜ਼ ਸਟਾਕ ਐਂਟਰੀ ਕੀਤੀ ਜਾਵੇ।

4.0 ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਸਮਾਨ ਦੀ ਖਰੀਦ ਕਿਸੇ ਵੀ ਸੂਰਤ ਵਿੱਚ ਜ਼ਿਲ੍ਹਾ ਪੱਧਰ ਤੇ ਜਾਂ ਕਿਸੇ ਵੀ ਸੈਂਟਰਲ ਪੱਧਰ ਤੇ ਨਾ ਕੀਤੀ ਜਾਵੇ ਬਲਕਿ ਇਹ ਸਮਾਨ ਸਬੰਧਤ ਪਸਵਕ ਵੱਲੋਂ ਨਿਯਮਾਂ ਅਨੁਸਾਰ ਖਰੀਦਿਆ ਜਾਵੇ। ਸਮਾਨ ਖਰੀਦਣ ਸਮੇਂ ਕੁਆਲਿਟੀ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਸਮਝੌਤਾ ਨਾ ਕੀਤਾ ਜਾਵੇ।

5.0 ਇਹ ਵੀ ਸਖ਼ਤ ਹਦਾਇਤਾਂ ਕੀਤੀਆਂ ਜਾਂਦੀਆਂ ਹਨ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਕਿਸੇ ਸੂਰਤ ਵਿੱਚ ਸਕੂਲਾਂ ਨੂੰ ਕਿਸੇ ਵਿਸ਼ੇਸ਼ ਦੁਕਾਨਾਂ ਜਾਂ ਏਜੰਟ ਤੋਂ ਇਹ ਸਮਾਨ/ਕਿੱਟਾਂ ਖਰੀਦਣ ਲਈ ਨਾ ਕਿਹਾ ਜਾਵੇ ਅਤੇ ਨਾ ਹੀ ਉਨ੍ਹਾਂ ਵੱਲੋਂ ਕਿਸੀ ਖ਼ਾਸ ਏਜੰਸੀ ਤੋਂ ਸਮਾਨ ਖਰੀਦਣ ਲਈ ਸਕੂਲਾਂ ਨੂੰ ਕਿਸੇ ਸਾਂਝੀ ਥਾਂ ਤੇ ਇੱਕਠਾ ਕਰਕੇ ਬੁਲਾਇਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**